# ਪੰਜਾਬ ਸਕੂਲ ਸਿੱਖਿਆ ਬੋਰਡ

**ਵਿਸ਼ਾ :-** **ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਸਾਲਾਨਾ ਪ੍ਰੀਖਿਆਵਾਂ ਫਰਵਰੀ/ਮਾਰਚ 2016 ਜੋ ਕਿ ਮਿਤੀ 20-2-2016 ਤੋਂ ਆਰੰਭ ਹੋ ਰਹੀਆਂ ਹਨ। ਪ੍ਰੀਖਿਆ ਕੇਂਦਰਾਂ ਵਿੱਚ ਡਿਊਟੀ ਦੇਣ ਵਾਲੇ ਉਪ-ਸੁਪਰਡੰਟ ਲਈ ਹਦਾਇਤਾਂ :-**

1. ਜੇਕਰ ਉਪਰੋਕਤ ਕੇਂਦਰ ਵਿੱਚ ਤੁਹਾਡਾ ਨਜ਼ਦੀਕੀ ਰਿਸ਼ਤੇਦਾਰ ਪ੍ਰੀਖਿਆ ਦੇ ਰਿਹਾ ਹੈ/ਰਹੀ ਹੈ ਜਾਂ ਤੁਹਾਡੇ ਆਪਣੇ ਸਕੂਲ ਦੇ ਉਮੀਦਵਾਰ ਉਸੇ ਪ੍ਰੀਖਿਆ ਕੇਂਦਰ ਤੇ ਪ੍ਰੀਖਿਆ ਦੇ ਰਹੇ ਹਨ ਤਾਂ ਇਸ ਦੀ ਸੂਚਨਾ ਤੁਰੰਤ ਕੇਂਦਰ ਸੁਪਰਡੰਟ/ਜ਼ਿਲ੍ਹਾ ਸਿੱਖਿਆ ਅਫਸਰ ਨੂੰ ਦਿੱਤੀ ਜਾਵੇ। ਤੱਥਾਂ ਨੂੰ ਛੁਪਾ ਕੇ ਨਿਯੁਕਤੀ ਪ੍ਰਾਪਤ ਕਰਨ ਦੀ ਸੂਰਤ ਵਿੱਚ ਆਪ ਨੂੰ ਬੋਰਡ ਦੇ ਕਿਸ ਵੀ ਕੰਮ ਲਈ ਅਯੋਗ ਠਹਿਰਾਇਆ ਜਾਵੇਗਾ।
2. ਕੇਂਦਰ ਦੀ ਤਿਆਰੀ ਲਈ ਪ੍ਰੀਖਿਆ ਸ਼ੁਰੂ ਹੋਣ ਤੋ **ਇੱਕ ਦਿਨ ਪਹਿਲਾਂ ਸਵੇਰੇ** 11.00 ਵਜੇ ਕੇਂਦਰ ਸੁਪਰਡੰਟ ਨੂੰ ਵਜੇ ਹਾਜ਼ਰੀ ਰਿਪੋਰਟ ਪੇਸ਼ ਕੀਤੀ ਜਾਵੇ।
3. ਸੇਵਾਫਲ ਦੀ ਦਰ 60/- ਰੁ: ਪ੍ਰਤੀ ਸੈਸ਼ਨ ਹੈ।
4. ਸਫ਼ਰ ਭੱਤਾ ਤੇ ਪੜਾਅ ਭੱਤਾ ਨਹੀਂ ਦਿੱਤਾ ਜਾਵੇਗਾ।
5. ਸਰਕਾਰ ਵਲੋਂ ਪ੍ਰੀਖਿਆ ਸਬੰਧੀ ਡਿਊਟੀ ਨੂੰ ਲਾਜ਼ਮੀ ਕਰਾਰ ਦਿੱਤਾ ਗਿਆ ਹੈ, ਇਸ ਲਈ ਜੇਕਰ ਆਪ ਬੋਰਡ ਵੱਲੋਂ ਦਿੱਤੇ ਕੇਂਦਰ ਤੇ ਡਿਊਟੀ ਲਈ ਹਾਜ਼ਰ ਨਹੀਂ ਹੋਵੋਗੇ ਤਾਂ ਆਪ ਵਿਰੁੱਧ ਅਨੁਸ਼ਾਸਨੀ ਕਾਰਵਾਈ ਲਈ ਕੇਸ ਅਗਲੇਰੀ ਕਾਰਵਾਈ ਲਈ ਸਕੂਲ ਸਿੱਖਿਆ ਵਿਭਾਗ,ਪੰਜਾਬ ਨੂੰ ਭੇਜਿਆ ਜਾਵੇਗਾ।
6. ਪ੍ਰੀਖਿਆ ਦੌਰਾਨ ਮੋਬਾਇਲ ਫੋਨ ਵਰਤਣ ਦੀ ਮਨਾਹੀ ਹੋਵੇਗੀ।
7. ਪ੍ਰੀਖਿਆ ਦੌਰਾਨ ਕਿਸੇ ਵੀ ਪ੍ਰੀਖਿਆਰਥੀ ਦੇ ਬੂਟ ਅਤੇ ਜੁਰਾਬਾਂ ਨਾ ਖੁਲ੍ਹਵਾਏ ਜਾਣ।

ਨੋਟ: ਸੰਸਥਾ ਦੇ ਮੁੱਖੀ ਨੂੰ ਕੋਈ ਨਿਯੁਕਤੀ ਪੱਤਰ ਦੀ ਵੱਖਰੀ ਕਾਪੀ ਜਾਰੀ ਨਹੀਂ ਕੀਤੀ ਜਾਵੇਗੀ। ਇਸ ਪੱਤਰ ਨੂੰ ਪੇਸ਼ ਕਰਕੇ ਰਵਾਨਗੀ ਪੱਤਰ ਜਾਰੀ ਕਰਵਾਇਆ ਜਾਵੇ। ਸੰਬਧਤ ਸੰਸਥਾ ਮੁੱਖੀ ਵਲੋਂ ਇਸ ਅਧਿਆਪਕ/ਅਧਿਆਪਕਾਂ ਨੂੰ ਸਿਰਫ਼ ਉਪਰੋਕਤ ਦਰਸਾਏ ਕੇਂਦਰ ਤੇ ਡਿਊਟੀ ਲਈ ਫਾਰਗ ਕੀਤਾ ਜਾਵੇ।

ਸੁਪਰਡੰਟ(ਕ.ਸ)

ਵਾਸਤੇ ਸਕੱਤਰ